# Visit of H|E| Mohammad HaneefAtmar, Foreign Minister of the Islamic Republic of Afghanistan to India (March 22-23, 2021)

---

## ਅਫਗਾਨੀਸਤਾਨੀ ਇਸਲਾਮਕਿ ਗਣਰਾਜ ਦੇ ਵਦਿੇਸ਼ ਮੰਤਰੀ ਮਹਾਮਹਮਿ ਮੁਹੰਮਦ ਹਨੀਫ ਅਟਮਾਰ ਵੱਲੋ ਭਾਰਤ ਦੀ ਫੇਰੀ (22-23 ਮਾਰਚ, 2021)

24 **ਮਾਰਚ**, 2021

**1.** ਅਫਗਾਨਿਸਤਾਨੀ ਇਸਲਾਮਿਕ ਗਣਰਾਜ ਦੇ ਵਿਦੇਸ਼ ਮੰਤਰੀ ਮਹਾਮਹਿਮ ਮੁਹੰਮਦ ਹਨੀਫ ਅਤਮਰ ਦੀ **22- 23** ਮਾਰਚ, **2021** ਤੱਕ ਨਵੀਂ ਦਿੱਲੀ ਦੀ ਅਧਿਕਾਰਿਤ ਯਾਤਰਾ ਸਫਲਤਾਪੂਰਵਕ ਸਮਾਪਤ ਹੋਈ। ਉਨ੍ਹਾਂ ਦੇ ਨਾਲ ਅਫਗਾਨਿਸਤਾਨ ਦੇ ਵਿਦੇਸ਼ ਮੰਤਰਾਲੇ ਦਾ ਇੱਕ ਸੀਨੀਅਰ ਵਫ਼ਦ ਵੀ ਸੀ। ਮਹਾਮਹਿਮ ਹਨੀਫ ਅਟਮਾਰ ਵੱਲੋਂ ਆਪਣਾ ਮੌਜੂਦਾ ਓਹਦਾ ਸੰਭਾਲਣ ਤੋਂ ਬਾਅਦ ਇਹ ਉਨ੍ਹਾਂ ਵੱਲੋਂ ਕੀਤੀ ਗਈ ਭਾਰਤ ਦੀ ਪਹਿਲੀ ਫੇਰੀ ਸੀ।

**2.** ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਮਹਮਹਿਮ ਹਨੀਫ ਅਟਮਾਰ ਨੇ **22** ਮਾਰਚ ਨੂੰ ਵਫ਼ਦ ਪੱਧਰੀ ਗੱਲਬਾਤ ਕੀਤੀ। ਗੱਲਬਾਤ ਨਿੱਘੇ ਅਤੇ ਦੋਸਤਾਨਾ ਮਾਹੌਲ ਵਿੱਚ ਹੋਈ, ਜਿਸ ਦੌਰਾਨ ਬਹੁਤ ਹੀ ਵਿਸਥਾਰਪੂਰਵਕ ਢੰਗ ਨਾਲ ਵਿਚਾਰਾਂ ਦਾ ਨਰੋਆ ਵਟਾਂਦਰਾ ਹੋਇਆ। ਇੰਨਾਂ ਵਿਚਾਰ ਵਟਾਂਦਰਿਆਂ ਦੌਰਾਨ ਪ੍ਰਮੁੱਖ ਮੁੱਦਾ ਭਾਰਤ-ਅਫਗਾਨਿਸਤਾਨ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨਾ - ਵਿਸ਼ੇਸ਼ ਤੌਰ 'ਤੇ ਰਾਜਨੀਤਿਕ, ਸੁਰੱਖਿਆ, ਵਪਾਰਕ, ਆਰਥਿਕ, ਸਮਰੱਥਾ ਵਿਕਾਸ, ਸਿੱਖਿਆ, ਸਮਾਜਿਕ ਅਤੇ ਸਭਿਆਚਾਰਕ ਸਬੰਧਾਂ ਦੇ ਖੇਤਰਾਂ ਵਿੱਚ ਸਹਿਯੋਗ ਕਰਨਾ ਸੀ। ਭਾਰਤ-ਅਫਗਾਨਿਸਤਾਨ ਰਣਨੀਤਕ ਭਾਈਵਾਲੀ ਸਮਝੌਤੇ **(SPC)** ਹੇਠ ਰਣਨੀਤਕ ਭਾਈਵਾਲੀ ਪਰਿਸ਼ਦ ਦੀ ਪ੍ਰਧਾਨਗੀ ਭਾਰਤ ਅਤੇ ਅਫਗਾਨਿਸਤਾਨ ਦੇ ਵਿਦੇਸ਼ ਮੰਤਰੀਆਂ ਨੇ ਕੀਤੀ।

**3.** ਵਿਦੇਸ਼ ਵਿਭਾਗ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਫਗਾਨਿਸਤਾਨ ਵਿੱਚ ਸਦੀਵੀ ਸ਼ਾਂਤੀ ਕਾਇਮ ਰੱਖਣਾ ਇਸ ਖੇਤਰ ਅਤੇ ਦੁਨੀਆਂ ਅੰਦਰ ਸ਼ਾਂਤੀ, ਸੁਰੱਖਿਆ ਅਤੇ ਖੁਸ਼ਹਾਲੀ ਲਈ ਮਹੱਤਵਪੂਰਨ ਹੈ। ਵਿਦੇਸ਼ ਮੰਤਰੀ ਨੇ ਕਾਮਯਾਬ ਅਫਗਾਨ ਸ਼ਾਂਤੀ ਪ੍ਰਕਿਰਿਆ ਲਈ ਵਿਆਪਕ ਅਤੇ ਸਥਾਈ ਜੰਗਬੰਦੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਬੈਠਕ ਦੌਰਾਨ ਅਫਗਾਨਿਸਤਾਨ ਨਾਲ ਭਾਰਤ ਦੀ ਵੱਡੀ ਵਿਕਾਸ ਭਾਈਵਾਲੀ, ਆਪਸੀ ਹਿਤ ਦੇ ਖੇਤਰੀ ਅਤੇ ਆਲਮੀ ਮੁੱਦਿਆਂ ਅਤੇ ਅਫਗਾਨ ਸ਼ਾਂਤੀ ਯਤਨਾਂ ਸਮੇਤ ਕਈ ਮੁੱਦਿਆਂ 'ਤੇ ਵਿਚਾਰ-ਵਟਾਂਦਰੇ ਕੀਤੇ ਗਏ। ਵਿਦੇਸ਼ ਮੰਤਰੀ ਨੇ ਅਫਗਾਨ ਵਿਦੇਸ਼ ਮੰਤਰੀ ਨੂੰ ਸ਼ਾਂਤੀਪੂਰਨ, ਪ੍ਰਭੂਸੱਤਾਪੂਰਨ, ਸਥਿਰ ਅਤੇ ਸਮਾਵੇਸ਼ੀ ਅਫਗਾਨਿਸਤਾਨ ਪ੍ਰਤੀ ਭਾਰਤ ਦੀ ਲੰਮੀ ਵਚਨਬੱਧਤਾ ਬਾਰੇ ਭਰੋਸਾ ਦਿਵਾਇਆ, ਜਿਸ ਅੰਦਰ ਸਮਾਜ ਦੇ ਸਾਰੇ ਵਰਗਾਂ ਦੇ ਅਧਿਕਾਰ ਲੋਕਤੰਤਰੀ ਸੰਵਿਧਾਨਕ ਢਾਂਚੇ ਅੰਦਰ ਸੁਰੱਖਿਅਤ ਰਹਿਣ।

**4.** ਹਾਲ ਵਿੱਚ ਹੀ ਫਰਵਰੀ ਅੰਦਰ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਗਨੀ ਦੀ ਹਾਜ਼ਰੀ ਵਿੱਚ ਭਾਰਤੀ ਵਿਦੇਸ਼ ਮੰਤਰੀ ਅਤੇ ਅਫਗਾਨੀ ਵਿਦੇਸ਼ ਮੰਤਰੀ ਅਟਮਾਰ ਨੇ ਕਾਬੁਲ ਸ਼ਹਿਰ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਾਉਣ ਲਈ ਸ਼ੱਤੂਤ ਡੈਮ ਦੀ ਉਸਾਰੀ ਵਾਸਤੇ **MoU** ਉੱਤੇ ਦਸਤਖਤ ਕੀਤੇ। ਮਹਾਮਹਿਮ ਹਨੀਫ ਅਟਮਰ ਨੇ **3** ਅਰਬ ਡਾਲਰ ਦੇ ਵਿਕਾਸ ਸਹਿਯੋਗ ਅਤੇ ਪ੍ਰਾਜੈਕਟਾਂ ਨੂੰ ਲਾਗੂ ਕਰਨ ਲਈ ਭਾਰਤ ਦਾ ਧੰਨਵਾਦ ਕੀਤਾ, ਜਿਸ ਨਾਲ ਅਫਗਾਨਿਸਤਾਨ ਦੇ ਸਾਰੇ **34** ਸੂਬਿਆਂ ਨੂੰ ਫਾਇਦਾ ਮਿਲਿਆ ਹੈ।

**5.** ਇਸ ਫੇਰੀ ਦੌਰਾਨ ਮਹਾਮਹਿਮ ਹਨੀਫ ਅਟਮਾਰ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼੍ਰੀ ਅਜੀਤ ਡੋਵਾਲ ਨੂੰ ਵੀ ਮਿਲੇ।

**ਨਵੀ ਦੱਲੀ**
24 **ਮਾਰਚ**, 2021

DISCLAIMER: This is an approximate translation. The original is available in English on MEA's website and may be referred to as the official press release.